# ਆਪਣੀ ਜ਼ਿੰਦਗੀ ਪੰਜਾਬੀ ਲੋਕਧਾਰਾ ਲੇਖੇ ਲਾਉਣ ਵਾਲੇ ਵਣਜਾਰਾ ਬੇਦੀ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਸੈਮੀਨਾਰ ਸ਼ੁਰੂ

ਨਵੀਂ ਦਿੱਲੀ, 13 ਦਸੰਬਰ (ਅਮਨਦੀਪ ਸਿੰਘ) : ਪੰਜਾਬੀ ਲੋਕਧਾਰਾ ਲਈ ਸੋਹਿੰਦਰ ਸਿੰਘ (ਵਣਜਾਰਾ ਬੇਦੀ) ਦੇ ਕੀਤੇ ਗਏ ਕਾਰਜ ਨੂੰ ਇਤਿਹਾਸਕ ਦੱਸਦਿਆਂ ਨਾਵਲਕਾਰ ਡਾ.ਜਸਵਿੰਦਰ ਸਿੰਘ ਨੇ ਕਿਹਾ, "ਵਣਜਾਰਾ ਬੇਦੀ ਬਿਨਾਂ ਪੰਜਾਬੀ ਲੋਕਧਾਰਾ ਦੀ ਗੱਲ ਅਧੂਰੀ ਰਹੇਗੀ।

**ਮਹਾਨ ਕੋਸ਼ ਕਰ ਕੇ ਜੋ ਰੁਤਬਾ ਭਾਈ ਕਾਨ੍ਹ ਸਿੰਘ ਨਾਭਾ ਨੂੰ ਹਾਸਲ ਹੋਇਐ, ਉਹੀ ਰੁਤਬਾ ਵਣਜਾਰਾ ਬੇਦੀ ਨੂੰ ਵੀ ਮਿਲਣਾ ਚਾਹੀਦੈ: ਪ੍ਰੋ.ਰਵੇਲ ਸਿੰਘ**

ਪੰਜਾਬੀ ਦੀ ਝੋਲੀ ਵਿਚ ਲੋਕਧਾਰਾ ਦਾ ਖ਼ਜ਼ਾਨਾ ਪਾਉਣ ਲਈ ਉਨ੍ਹਾਂ ਦਾ ਕੋਈ ਸਾਨੀ ਨਹੀਂ।"

ਅੱਜ ਇਥੋਂ ਦੇ ਪੰਜਾਬੀ ਭਵਨ, ਨੇੜੇ ਆਈ ਟੀ ਓ ਵਿਖੇ ਸਾਹਿਤ ਅਕਾਦਮੀ ਵਲੋਂ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਵਣਜਾਰਾ ਬੇਦੀ ਦੀ ਜਨਮ ਸ਼ਤਾਬਦੀ ਨੂੰ ਮਨਾਉਂਦੇ ਹੋਏ ਦੋ ਦਿਨਾਂ ਸੈਮੀਨਾਰ ਦੀ ਸ਼ੁਰੂਆਤ ਕੀਤੀ ਗਈ। ਭਰਵੀਂ ਗਿਣਤੀ ਵਿਚ ਸਰੋਤੇ ਤੇ ਹੋਰ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ।



ਵਣਜਾਰਾ ਬੇਦੀ ਬਾਰੇ ਕਿਤਾਬ ਜਾਰੀ ਕਰਦੇ ਹੋਏ ਅਨੁਪਮ ਤਿਵਾੜੀ, ਡਾ.ਜਸਵਿੰਦਰ ਸਿੰਘ, ਜਤਿੰਦਰ ਸਿੰਘ ਬੇਦੀ, ਪ੍ਰੋ.ਰਵੇਲ ਸਿੰਘ, ਡਾ.ਜਗਬੀਰ ਸਿੰਘ, ਡਾ.ਸਤੀਸ਼ ਕੁਮਾਰ ਵਰਮਾ ਅਤੇ ਪ੍ਰੋ.ਰੇਣੂਕਾ ਸਿੰਘ ।

ਸੈਮੀਨਾਰ ਦੇ ਉਦਘਾਟਨ ਵਿਚ ਮਹਿਮਾਨ ਵਜੋਂ ਸ਼ਾਮਲ ਹੋਏ ਕੇਂਦਰੀ ਯੂਨੀਵਰਸਟੀ, ਪੰਜਾਬ ਦੇ ਚਾਂਸਲਰ ਪ੍ਰੋ.ਡਾ.ਜਗਬੀਰ ਸਿੰਘ ਨੇ ਕਿਹਾ ਕਿ ਵਣਜਾਰਾ ਬੇਦੀ ਲੋਕਧਾਰਾ ਦੇ ਵੇਦੀ/ਗਿਆਨੀ ਸਨ। ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਪ੍ਰੋ.ਰਵੇਲ ਸਿੰਘ ਨੇ ਵਣਜਾਰਾ ਬੇਦੀ ਦੀ ਘਾਲਣਾ ਦਾ ਜ਼ਿਕਰ ਕਰਦਿਆਂ ਕਿਹਾ, " 'ਮਹਾਨ ਕੋਸ਼' ਕਰ ਕੇ, ਜੋ ਰੁਤਬਾ ਭਾਈ ਕਾਨ੍ਹ ਸਿੰਘ ਨਾਭਾ ਨੂੰ ਹਾਸਲ ਹੋਇਐ, ਉਹ ਰੁਤਬਾ ਬੇਦੀ ਨੂੰ ਵੀ ਮਿਲਣਾ ਚਾਹੀਦਾ ਹੈ, ਜੋ ਨਹੀਂ ਮਿਲਿਆ।"

ਸਾਹਿਤ ਅਕਾਦਮੀ ਦੇ ਨੁਮਾਇੰਦੇ ਅਨੁਪਮ ਤਿਵਾੜੀ ਨੇ ਕਿਹਾ, "ਵਣਜਾਰਾ ਬੇਦੀ ਨੇ 40 ਸਾਲ ਪਿੰਡਾਂ ਵਿਚ ਘੁੰਮ ਘੁੰਮ ਕੇ, ਲੋਕ ਕਹਾਣੀਆਂ ਨੂੰ ਇਕੱਤਰ ਕਰ ਕੇ, ਦਸਤਾਵੇਜ਼ ਦਾ ਰੂਪ ਦੇਣ ਦਾ ਅਮੁੱਲਾ ਕਾਰਜ ਕੀਤਾ।"

ਇਸ ਮੌਕੇ ਵਣਜਾਰਾ ਬੇਦੀ ਦੇ ਸਪੁੱਤਰ ਜਤਿੰਦਰ ਸਿੰਘ ਬੇਦੀ, ਨੂੰਹ ਤਜਿੰਦਰ ਕੌਰ ਬੇਦੀ, ਪ੍ਰੋ.ਰਵੇਲ ਸਿੰਘ, ਪ੍ਰੋ.ਰੇਣੂਕਾ ਸਿੰਘ ਤੇ ਹੋਰਨਾਂ ਨੇ ਵਣਜਾਰਾ ਬੇਦੀ ਦੇ ਲੇਖਾਂ ਦੀ ਕਿਤਾਬ 'ਲੋਕ ਪ੍ਰੰਪਰਾ ਤੇ ਵਣਜਾਰਾ ਬੇਦੀ' ਪਾਠਕਾਂ ਲਈ ਜਾਰੀ ਕੀਤੀ।

ਪਹਿਲੇ ਸੈਸ਼ਨ ਵਿਚ ਡਾ.ਰਾਜਿੰਦਰਪਾਲ ਸਿੰਘ ਬਰਾੜ ਨੇ ਵਣਜਾਰਾ ਬੇਦੀ ਲਿਖਤ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਨੂੰ ਡਿਜੀਟਾਈਜ਼ ਕਰਨ ਦੀ ਲੋੜ 'ਤੇ ਜ਼ੋਰ ਦਿਤਾ ਜਦ ਕਿ ਪੰਜਾਬ ਖੇਤੀਬਾੜੀ ਯੂਨੀਵਰਸਟੀ, ਲੁਧਿਆਣਾ ਦੀ ਪ੍ਰੋ.ਜਗਦੀਸ਼ ਕੌਰ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਵਣਜਾਰਾ ਬੇਦੀ ਦੇ ਜੀਵਨ 'ਤੇ ਝਾਤ ਪਾਉਂਦੇ ਹੋਏ ਕਿਹਾ, "ਉਨ੍ਹਾਂ ਵਿਸ਼ਵ ਕੋਸ਼ ਨਹੀਂ ਰਚਿਆ, ਬਲਕਿ ਇਕ ਵੱਡਾ ਗ੍ਰੰਥ ਰਚਿਆ ਜਿਸ ਵਿਚ ਪੰਜਾਬੀ ਲੋਕਧਾਰਾ ਦਾ ਖ਼ਜ਼ਾਨਾ ਸੰਭਾਲਿਆ।"

ਪੰਜਾਬੀ ਸਾਹਿਤ ਸਭਾ ਦੀ ਮੁਖੀ ਪ੍ਰੋ.ਰੇਣੂਕਾ ਸਿੰਘ ਨੇ ਕਿਹਾ ਕਿ 'ਨਵਯੁੱਗ ਪ੍ਰਕਾਸ਼ਨ' ਰਾਹੀਂ ਉਹ ਵਣਜਾਰਾ ਬੇਦੀ ਦਾ ਅਣਛੱਪਿਆ ਕਾਰਜ ਛੇਤੀ ਹੀ ਛਾਪਣਗੇ।

ਡਾ.ਤੇਜਿੰਦਰ ਸਿੰਘ ਚੰਡੀਗੜ੍ਹ, ਬਲਬੀਰ ਮਾਧੋਪੁਰੀ ਤੇ ਡਾ.ਸਤੀਸ਼ ਕੁਮਾਰ ਵਰਮਾ ਨੇ ਵਣਜਾਰਾ ਬੇਦੀ ਦੇ ਵੱਖ-ਵੱਖ ਪੱਖਾਂ 'ਤੇ ਚਰਚਾ ਕੀਤੀ। ਦੁਪਹਿਰ ਦੇ ਸੈਸ਼ਨ ਦੀ ਪ੍ਰਧਾਨਗੀ ਡਾ.ਵਨੀਤਾ ਨੇ ਕੀਤੀ ਜਦਕਿ ਪ੍ਰੋ.ਰਵਿੰਦਰ ਸਿੰਘ ਨੇ 'ਵਣਜਾਰਾ ਬੇਦੀ ਵਲੋਂ ਇਕੱਤਰ ਲੋਕ ਸਾਹਿਤ ਦਾ ਅਧਿਐਨ', ਗੁਰਸੇਵਕ ਲੰਬੀ ਨੇ ਵਣਜਾਰਾ ਬੇਦੀ ਦੀ ਕਿਤਾਬ 'ਬਾਤਾਂ ਮੁੱਢ ਕਦੀਮ ਦੀਆਂ', ਪ੍ਰੋ.ਅਮਨਪ੍ਰੀਤ ਸਿੰਘ ਗਿੱਲ ਨੇ ਵਣਜਾਰਾ ਬੇਦੀ ਦੀ ਸਵੈ ਜੀਵਨੀ ਮੂਲਕ ਸਾਹਿਤ ਅਤੇ ਡਾ.ਰਜਨੀ ਬਾਲਾ ਨੇ 'ਵਣਜਾਰਾ ਬੇਦੀ ਰਚਿਤ ਸਵੈ ਜੀਵਨੀ ਮੂਲਕ ਸਾਹਿਤ' ਬਾਰੇ ਪਰਚੇ ਪੇਸ਼ ਕੀਤੇ। ਸਟੇਜ ਦੀ ਜ਼ਿੰਮੇਵਾਰੀ ਡਾ.ਸੰਦੀਪ ਕੌਰ ਨੇ ਨਿਭਾਈ।

ਜ਼ਿਕਰਯੋਗ ਹੈ ਕਿ ਪੰਜਾਬੀ ਦੇ ਇਸ ਮਾਣਮੱਤੇ ਲਿਖਾਰੀ ਦਾ ਜਨਮ 28 ਨਵੰਬਰ 1924 ਨੂੰ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ ਤੇ ਉਹ 26 ਅਗੱਸਤ 2001 ਨੂੰ ਦਿੱਲੀ ਵਿਖੇ ਵਿਛੋੜਾ ਦੇ ਗਏ ਸਨ। ਉਹ ਦਿੱਲੀ ਦੇ ਦਿਆਲ ਸਿੰਘ ਕਾਲਜ ਵਿਖੇ ਪੜ੍ਹਾਉਂਦੇ ਰਹੇ ਅਤੇ ਉਨ੍ਹਾਂ 36 ਤੋਂ ਵੱਧ ਕਿਤਾਬਾਂ, ਪੰਜਾਬੀ ਸਾਹਿਤ ਦੀ ਝੋਲੀ ਪਾਈਆਂ।

# ਅਦਾਲਤ ਨੇ ਹਰਿਆਣਾ ਕਾਂਗਰਸ ਦੇ ਸਾਬਕਾ ਵਿਧਾਇਕ

ਰੋਜ਼ਾਨਾ ਸਪੋਕਸਮੈਨ
RozanaSpokesman.com